**PSPCL** ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

ਰਜਿ. ਦਫ਼ਤਰ ਪੰ. ਰਾ. ਬਿ. ਬੋ. ਹੈੱਡ ਆਫਿਸ, ਦੀ ਮਾਲ ਪਟਿਆਲਾ 147001

ਕਾਰਪੋਰੇਟ ਆਈਡੈਨਟਿਟੀ ਨੰ. U40109PB2010SGC033813, Website: www.pspcl.in

# ਬਿਜਲੀ ਦਾ ਬਿੱਲ ਅਡਵਾਂਸ ਭਰ ਕੇ ਕਮਾਈ ਦਾ ਸੁਨਹਿਰੀ ਮੌਕਾ

ਹਾਲ ਦੇ ਦਿਨਾਂ ਵਿਚ ਬੈਂਕਾਂ ਵਲੋਂ ਮਿਆਦੀ ਖਾਤੇ (ਲਗਭਗ 6%) ਅਤੇ ਬਚਤ ਖਾਤੇ (ਲਗਭਗ 3.5%) ਸਾਲਾਨਾ ਦਰ ਨਾਲ ਵਿਆਜ ਦਿੱਤਾ ਜਾ ਰਿਹਾ ਹੈ। ਪੀ. ਐਸ. ਪੀ. ਸੀ. ਐਲ. ਹਰ ਤਰ੍ਹਾਂ ਦੀਆਂ ਸਥਿਤੀਆਂ (ਗਰਮੀਆਂ ਦੇ ਦਿਨ, ਸਰਦੀਆਂ ਦੀਆਂ ਰਾਤਾਂ, ਮੀਂਹ ਅਤੇ ਚੱਲ ਰਹੇ ਕਰਫ਼ਿਊ/ਤਾਲਾਬੰਦੀ) ਦੇ ਬਾਵਜੂਦ ਆਪਣੇ ਸਤਿਕਾਰਤ ਖਪਤਕਾਰਾਂ ਦੀ ਸੇਵਾ ਵਿਚ 24×7 ਹਾਜ਼ਰ ਰਹਿੰਦਾ ਹੈ। ਇਸ ਤੋਂ ਇਲਾਵਾ ਖਪਤਕਾਰਾਂ ਨੂੰ ਇਕ ਬਹੁਤ ਹੀ ਵਧੀਆ ਦਰ 'ਤੇ ਵਿਆਜ ਕਮਾਉਣ ਲਈ ਪੀ. ਐਸ. ਪੀ. ਸੀ. ਐਲ. ਆਪਣੇ ਸਾਰੇ ਖਪਤਕਾਰਾਂ ਨੂੰ ਆਪਣੇ ਬਿਜਲੀ ਦੇ ਮਾਰਚ 2021 ਤੱਕ ਦੇ ਅੰਦਾਜ਼ਨ ਬਿੱਲ ਜਾਂ ਜਿਨਾ ਵੀ ਉਹ ਜਮ੍ਹਾਂ ਕਰਵਾ ਸਕਣ ਦਾ ਐਡਵਾਂਸ ਭੁਗਤਾਨ ਕਰਨ ਦੀ ਪੇਸ਼ਕਸ਼ ਕਰਦਾ ਹੈ। ਇਹ ਭੁਗਤਾਨ ਡਿਜੀਟਲ ਮੋਡ ਰਾਹੀਂ https://billpayment.pspcl.in 'ਤੇ ਕੀਤਾ ਜਾ ਸਕਦਾ ਹੈ। ਇਸ ਜਮ੍ਹਾਂ ਕੀਤੀ ਰਾਸ਼ੀ 'ਤੇ ਸਪਲਾਈ ਕੋਡ 2014 ਦੀ ਧਾਰਾ 31.8 (ਜੋ ਕਿ ਉਪਰੋਕਤ ਲਿੰਕ 'ਤੇ ਵੇਖਿਆ ਜਾ ਸਕਦਾ ਹੈ) ਅਨੁਸਾਰ 1% ਪ੍ਰਤੀ ਮਹੀਨਾ ਵਿਆਜ ਦਿੱਤਾ ਜਾਵੇਗਾ। ਇਸ ਤਰ੍ਹਾਂ ਖਪਤਕਾਰ ਤਕਰੀਬਨ 12% ਸਾਲਾਨਾ ਵਿਆਜ (ਮਿਆਦੀ ਖਾਤੇ ਦਰ ਤੋਂ ਦੋ ਗੁਣਾ) ਕਮਾ ਸਕਦੇ ਹਨ।

ਪੀ.ਐਸ.ਪੀ.ਸੀ.ਐਲ. ਆਪਣੇ ਸਾਰੀਆਂ ਸ਼੍ਰੇਣੀਆਂ ਦੇ ਖਪਤਕਾਰਾਂ ਨੂੰ ਇਸ ਆਕਰਸ਼ਕ ਪੇਸ਼ਕਸ਼ ਦਾ ਲਾਭ ਉਠਾਉਣ ਦੀ ਅਪੀਲ ਕਰਦਾ ਹੈ।

ਮੁੱਖ ਇੰਜੀ./ਵਣਜ,
ਪੀ.ਐਸ.ਪੀ.ਸੀ.ਐਲ. ਪਟਿਆਲਾ।

C/21A/2020